# ਹਿੰਦ-ਪਾਕਿ ਦੋਸਤੀ ਅਤੇ ਫਿਲਮ 'ਸਰਫਰੋਸ਼'

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਦੇਸ਼ ਦੀ ਵੰਡ ਵੇਲੇ ਤੋਂ ਲੈ ਕੇ ਹੁਣ ਤਕ ਹਿੰਦ-ਪਾਕਿ ਦੋਸਤੀ (ਅਤੇ ਦੁਸ਼ਮਣੀ ਵੀ) ਸਾਹਿਤ ਅਤੇ ਕਲਾ ਦੇ ਬੜੇ ਅਹਿਮ ਵਿਸ਼ੇ ਰਹੇ ਹਨ। ਅਸੀਂ ਦੋਨੋਂ ਪਾਸੇ ਪੰਜਾਬ ਦੇ ਲੋਕ ਬੜੇ ਭਾਵੁਕ ਤਰੀਕੇ ਨਾਲ ਇਸ ਵਿਸ਼ੇ ਨਾਲ ਜੁੜੇ ਹੋਏ ਹਾਂ। ਵੰਡ ਵੇਲੇ ਦੋਨੋਂ ਪਾਸੇ ਜਿਹੜੀਆਂ ਵਹਿਸ਼ੀਆਨਾ ਵਾਰਦਾਤਾਂ ਹੋਈਆਂ, ਅਸੀਂ ਉਨ੍ਹਾਂ ਤੋਂ ਪਸ਼ੇਮਾਨ ਵੀ ਹੋਏ। ਕੁਝ ਕਲਾਸਕੀ ਕਿਸਮ ਦੀਆਂ ਲਿਖਤਾਂ ਉਸੇ ਵੇਲੇ ਲਿਖੀਆਂ ਗਈਆਂ। ਇਨ੍ਹਾਂ ਵਿਚ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ', ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਅਤੇ ਹਰਸ਼ਰਨ ਸਿੰਘ ਦਾ ਨਾਟਕ 'ਇਕ ਵਿਚਾਰੀ ਮਾਂ' (ਦੋ ਮੁਲਕ ਇਕ ਮਾਂ) ਸ਼ਾਮਲ ਹਨ।

ਦੋਸਤੀ ਅਤੇ ਦੁਸ਼ਮਣੀ ਦਾ ਇਹ ਅਹਿਸਾਸ ਅੱਜ 52 ਸਾਲ ਤੋਂ ਬਾਅਦ ਵੀ ਜਿਉਂ ਦਾ ਤਿਉਂ ਕਾਇਮ ਹੈ। ਦੋਸਤੀ ਸਾਡੇ ਸਾਂਝੇ ਸਭਿਆਚਾਰ ਦੀ ਦੇਣ ਹੈ। ਦੁਸ਼ਮਣੀ ਕਸ਼ਮੀਰ ਦਾ ਮਸਲਾ ਹੈ। ਪਹਿਲੀ ਦਾ ਖੇਤਰ ਸਾਹਿਤ ਅਤੇ ਕਲਾ ਹੈ, ਦੂਜੀ ਦਾ ਖੇਤਰ ਸਿਆਸਤ ਹੈ। ਅਸੀਂ ਦੋਨੋਂ ਦੇਸ਼ਾਂ ਦੇ ਭਲੇ ਦੇ ਖੇਤਰ ਵਿਚ ਕੰਮ ਕਰਨ ਵਾਲੇ ਬਹੁਤ ਹੱਦ ਤਕ ਦਾਅਵਾ ਕਰ ਸਕਦੇ ਹਾਂ ਕਿ ਅਸੀਂ ਇਸ ਦੋਸਤੀ ਵਿਚ ਆਪਣਾ ਹਿੱਸਾ ਪਾਇਆ ਹੈ ਅਤੇ ਬਹੁਤ ਵਾਰੀ ਸਿਆਸਤਦਾਨਾਂ ਨੂੰ ਵੀ ਮਜਬੂਰ ਕੀਤਾ ਹੈ ਕਿ ਉਹ ਇਸ ਖੇਤਰ ਵਿਚ ਹਾਂ-ਪੱਖੀ ਭੂਮਿਕਾ ਨਿਭਾਉਣ। ਪਰ ਇਸੇ ਖੇਤਰ ਵਿਚ ਫਿਲਮ 'ਸਰਫਰੋਸ਼' ਨੇ ਇਸ ਦਾਅਵੇ ਉਤੇ ਕਿੰਤੂ ਕਰ ਦਿੱਤਾ ਹੈ।

ਇਹ ਇਕ ਮੰਨੀ ਹੋਈ ਸੱਚਾਈ ਹੈ ਕਿ ਕਲਾ ਦੇ ਮਾਧਿਅਮ ਰਾਹੀਂ ਦੋਨੋਂ ਦੇਸ਼ਾਂ ਦੀ ਸਾਂਝ ਬਣੀ ਰਹੀ ਹੈ। ਸਾਡੀਆਂ ਫਿਲਮਾਂ ਅਤੇ ਫਿਲਮੀ ਸੰਗੀਤ ਪਾਕਿਸਤਾਨ ਵਿਚ ਮਕਬੂਲ ਹੈ। ਇਸੇ ਤਰ੍ਹਾਂ ਪਾਕਿਸਤਾਨ ਦੇ ਟੀ.ਵੀ. ਨਾਟਕ ਅਤੇ ਉਥੋਂ ਦੇ ਗਾਇਕ ਸਾਡੇ ਦੇਸ਼ ਵਿਚ ਬਹੁਤ ਮਕਬੂਲ ਹਨ। ਇਹ ਵੀ ਤੱਥ ਹੈ ਕਿ ਸ਼ਿਵ ਸੈਨਾ ਦੀ ਸੋਚ ਰੱਖਣ ਵਾਲੇ ਲੋਕ ਇਸ ਮਕਬੂਲੀਅਤ ਨੂੰ ਪਸੰਦ ਨਹੀਂ ਕਰਦੇ ਅਤੇ ਉਨ੍ਹਾਂ ਦਾ ਬਾਲ ਠਾਕਰੇ ਕੋਈ ਨਾ ਕੋਈ ਬਿਆਨ ਦਾਗ਼ਦਾ ਹੀ ਰਹਿੰਦਾ ਹੈ ਜਿਹੜਾ ਦੋਸਤੀ ਦੇ ਵਾਤਾਵਰਣ ਵਿਚ ਖਿਚਾਅ ਪੈਦਾ ਕਰਦਾ ਹੈ ਪਰ ਲੋਕ ਰਾਏ ਇਸ ਮਾਮਲੇ ਵਿਚ ਉਹਦੇ ਨਾਲ ਨਹੀਂ ਹੈ।

ਪਾਕਿਸਤਾਨ ਦੇ ਗਾਇਕ ਇਸ ਦੇਸ਼ ਵਿਚ ਆਉਂਦੇ ਰਹਿੰਦੇ ਹਨ ਅਤੇ ਆਪਣੇ ਫ਼ਨ ਦੀ ਭਰਵੀਂ ਦਾਦ ਲੈਂਦੇ ਹਨ। ਪਰ ਸ਼ਿਵ ਸੈਨਾ ਦੀ ਸੋਚ ਨੂੰ ਵੱਡਾ ਸਮਰਥਨ ਫਿਲਮ 'ਸਰਫਰੋਸ਼' ਨੇ ਪ੍ਰਦਾਨ ਕੀਤਾ ਹੈ। ਇਹ ਚੇਤਨ ਤੌਰ ਉਤੇ ਹੋਇਆ ਹੈ ਜਾਂ ਅਚੇਤ ਤੌਰ ਉਤੇ ਹੋਇਆ ਹੈ, ਇਹ ਬਹਿਸ ਦਾ ਮੁੱਦਾ ਹੋ ਸਕਦਾ ਹੈ ਪਰ ਇਸ ਫਿਲਮ ਦਾ ਜੋ ਵਿਸ਼ਾ ਹੈ, ਉਹ ਸਾਫ ਤੌਰ ਉਤੇ ਇਹ ਕਹਿੰਦਾ ਹੈ ਕਿ ਪਾਕਿਸਤਾਨ ਦੇ ਮੰਨੇ ਹੋਏ ਗਾਇਕ, ਜਿਹੜੇ ਇਸ ਦੇਸ਼ ਵਿਚ ਆਉਂਦੇ ਹਨ, ਪਾਕਿਸਤਾਨ ਦੀ ਖੁਫੀਆ ਏਜੰਸੀ ਦੇ ਮੈਂਬਰ ਹਨ। ਉਹ ਮਿਥੇ ਹੋਏ ਨਿਸ਼ਾਨੇ ਨਾਲ ਇਸ ਦੇਸ਼ ਵਿਚ ਆਉਂਦੇ ਹਨ। ਅੱਗੋਂ ਇਸ ਫਿਲਮ ਦਾ ਸੁਨੇਹਾ ਵੀ ਸਾਫ ਹੈ ਕਿ ਇਨ੍ਹਾਂ ਗਾਇਕਾਂ ਦਾ ਆਉਣਾ ਬੰਦ ਕੀਤਾ ਜਾਵੇ ਕਿਉਂਕਿ ਇਹ ਸਾਡੇ ਦੇਸ਼ ਦੇ ਹਿਤ ਵਿਚ ਨਹੀਂ। ਇਹੀ ਬਾਲ ਠਾਕਰੇ ਦੀ ਸੋਚ ਹੈ। ਇਸੇ ਸੰਦਰਭ ਵਿਚ ਇਸ ਫਿਲਮ ਦੀ ਗੱਲ ਕਰਨੀ ਬਣਦੀ ਹੈ।

ਗੁੰਦਵੀਂ ਕਹਾਣੀ ਕਰ ਕੇ ਇਹ ਫਿਲਮ ਹਰ ਲਿਹਾਜ਼ ਨਾਲ ਇਕ ਵਧੀਆ ਫਿਲਮ ਕਹੀ ਜਾ ਸਕਦੀ ਹੈ। ਨਸੀਰੂਦੀਨ ਸ਼ਾਹ ਦੀ ਅਦਾਕਾਰੀ ਵੀ ਇਸ ਫਿਲਮ ਵਿਚ ਸਿਖਰਾਂ ਛੂੰਹਦੀ ਹੈ। ਪਰ ਇਸ ਫਿਲਮ ਦਾ ਸੁਨੇਹਾ ਬਹੁਤ ਹੀ ਖਤਰਨਾਕ ਹੈ। ਦੋਨੋਂ ਪਾਸੇ ਦੇ ਸੁਹਿਰਦ ਲੋਕਾਂ ਦੀ ਇਹਦੇ ਵਿਰੁੱਧ ਆਵਾਜ਼ ਉਠਾਉਣੀ ਬਣਦੀ ਹੈ। ਅੱਗੇ ਹੀ ਇਸ ਦੋਸਤੀ ਦੇ ਦੁਸ਼ਮਣ ਦੋਨੋਂ ਮੁਲਕਾਂ ਵਿਚ ਸਰਗਰਮ ਹਨ। ਆਪਣੀ ਇਕ-ਪਾਸੜ ਸੋਚ ਨਾਲ ਉਹ ਦੋਸਤੀ ਵਿਚ ਫਰਕ ਪਾਉਂਦੇ ਹਨ।

ਇਸ ਕਿਸਮ ਦੀ ਵਖਰੇਵੇਂ ਅਤੇ ਇਕ-ਪਾਸੜ ਸੋਚ ਦਾ ਜ਼ਿਕਰ ਅਮਰਜੀਤ ਚੰਦਨ ਨੇ 'ਆਰਸੀ' (ਮਈ 1999) ਵਿਚ ਕੀਤਾ ਹੈ। ਇਸ ਛੋਟੀ ਜਿਹੀ ਲਿਖਤ ਦਾ ਸਿਰਲੇਖ ਹੈ 'ਪਾਕਿਸਤਾਨੀ ਦੁੱਲਾ ਭੱਟੀ'। ਇਹ ਦੁੱਲਾ ਭੱਟੀ ਦੇ ਕਿੱਸੇ ਦੇ ਉਸ ਕਾਵਿਕ ਟੂਕ ਨਾਲ ਜੁੜਦਾ ਹੈ, ਜਿਥੇ ਦੁੱਲਾ ਕਹਿੰਦਾ ਹੈ:

*ਮੈਂ ਭੰਨਾਂ ਦਿੱਲੀ ਦੇ ਕਿੰਗਰੇ,*
*ਭਾਜੜ ਪਾ ਦਿਆਂ ਤਖ਼ਤ ਲਹੌਰ!*

ਦੁੱਲਾ ਭੱਟੀ ਸਾਂਝੇ ਪੰਜਾਬ ਦਾ ਲੋਕ-ਨਾਇਕ ਹੈ। ਉਹਦਾ ਨਾਂ ਮੁਗ਼ਲ ਹਾਕਮਾਂ ਦੇ ਵਿਰੁੱਧ ਕਿਸਾਨੀ ਬਗ਼ਾਵਤ ਨਾਲ ਜੁੜਦਾ ਹੈ। ਲੋਹੜੀ ਮੰਗਣ ਵਾਲੇ ਨਿੱਕੇ ਬੱਚੇ ਵੀ ਦੁੱਲੇ ਦੇ ਬੋਲ ਹੀ ਬੋਲਦੇ ਹਨ। ਦੁੱਲਾ ਭੱਟੀ ਵਾਲਾ, ਹੋ... ਦੁੱਲੇ ਧੀ ਵਿਆਹੀ, ਹੋ! ਇਸ ਲਿਖਤ ਦਾ ਇਕ ਹਿੱਸਾ ਹੂਬਹੂ ਪਾਠਕਾਂ ਦੀ ਜਾਣਕਾਰੀ ਲਈ ਇਥੇ ਦਿੱਤਾ ਜਾ ਰਿਹਾ ਹੈ ਤਾਂ ਜੋ ਦੋਸਤੀ ਅਤੇ ਦੁਸ਼ਮਣੀ ਦੀ ਗੱਲ ਸਹੀ ਸੰਦਰਭ ਵਿਚ ਸਮਝੀ ਜਾ ਸਕੇ। ਅਮਰਜੀਤ ਚੰਦਨ ਲਿਖਦਾ ਹੈ :

ਸੁਖਵੰਤ ਢੱਡੇ ਦੇ ਦਿੱਤੇ ਦੁਕੰਮਣ ਕਰ ਕੇ ਮੈਂ ਲਹੌਰ ਦੇ ਸਾਰੇ ਕਬਰਿਸਤਾਨ ਚਾਰ-ਪੰਜ ਦਿਨ ਲਾ ਕੇ ਗਾਹ ਮਾਰੇ ਪਰ ਬੂਟਾ ਸਿੰਘ ਦੀ ਕਬਰ ਨਾ ਮਿਲੀ, ਜਿਹਦੇ ਬਾਰੇ ਢੱਡਾ ਧਰਮਿੰਦਰ ਨਾਲ ਰਲ ਕੇ ਫਿਲਮ ਬਣਾਉਣੀ ਚਾਹੁੰਦਾ ਹੈ। ਬੂਟਾ ਸੰਨ ਸੰਤਾਲੀ ਵਿਚ ਉਧਾਲੀ ਕਿਸੇ ਮੁਸਲਮਾਨ ਕੁੜੀ ਦੇ ਇਸ਼ਕ ਵਿਚ ਮੁਸਲਮਾਨ ਹੋ ਗਿਆ ਸੀ। ਜਦ ਕੁੜੀ ਨੇ ਉਹਨੂੰ ਮੂੰਹ ਨਾ ਲਾਇਆ ਤਾਂ ਬੂਟੇ ਨੇ ਲਹੌਰ ਰੇਲ ਗੱਡੀ ਥੱਲੇ ਸਿਰ ਦੇ ਦਿੱਤਾ ਸੀ। ('ਫਰੀਡਮ ਐਟ ਮਿਡ ਨਾਈਟ' ਕਿਤਾਬ ਵਿਚ ਬੂਟੇ ਦੀ ਸਾਰੀ ਕਹਾਣੀ ਲਿਖੀ ਹੋਈ ਹੈ।) ਇਸੇ ਬਹਾਨੇ ਮਿਆਣੀ ਸਾਹਿਬ ਕਬਰਿਸਤਾਨ ਵਿਚ ਦੋ ਕਬਰਾਂ ਦਿੱਸੀਆਂ, ਇਕ ਮੰਟੋ ਦੀ ਅਤੇ ਦੂਜੀ ਦੁੱਲੇ ਭੱਟੀ ਦੀ। ਦੁੱਲੇ ਦੀ ਕਬਰ ਉੱਚੇ ਥੜ੍ਹੇ ਉਤੇ ਬਣੀ ਹੋਈ ਹੈ। ਸੀਖਾਂ ਗੱਡ ਕੇ ਲੋਹੇ ਦੀ ਵੱਡੀ ਸਾਰੀ ਤਖਤੀ ਉਤੇ ਉਰਦੂ ਵਿਚ ਇਹ ਇਬਾਰਤ ਲਿਖੀ ਹੋਈ ਹੈ :

> **ਮੈਂ ਭੰਨਾਂ ਦਿੱਲੀ ਦੇ ਕਿੰਗਰੇ**
> **ਦੁੱਲਾ ਭੱਟੀ ਸ਼ਹੀਦ**
> **ਤਾਰੀਖ ਸ਼ਹਾਦਤ 26 ਮਾਰਚ, 1580**
> **ਮਿਨਜਾਨਿਬਾਂ ਦੁੱਲਾ ਭੱਟੀ ਅਕੈਡਮੀ**
> **(ਰਜਿਸਟਰਡ) ਲਹੌਰ**
> **ਜਗ੍ਹਾ ਮਖ਼ਸੂਸ ਬਰਾਇ ਮਕਬਰਾ**

ਮੈਨੂੰ ਇਹ ਗੱਲ ਇਕਦਮ ਖੁੜਕੀ ਕਿ ਕੁਤਬੇ ਦੇ ਸ਼ੁਰੂ ਵਿਚ ਦੁੱਲਾ ਭੱਟੀ ਅਕੈਡਮੀ (ਰਜਿਸਟਰਡ) ਲਹੌਰ ਵਾਲਿਆਂ ਨੇ 'ਭਾਜੜ ਪਾ ਦਿਆਂ ਤਖ਼ਤ ਲਹੌਰ' ਨਹੀਂ ਲਿਖਿਆ। ਕਿਉਂ ਨਹੀਂ ਲਿਖਿਆ, ਇਸ ਦਾ ਪੂਰਾ ਪਤਾ ਉਨ੍ਹਾਂ ਨੂੰ ਹੋਣਾ ਏ ਜਿਨ੍ਹਾਂ ਨੇ ਇਹ ਹਰਫ ਲਿਖਵਾਏ ਹੋਣਗੇ।

ਮੈਂ ਆਪਣੇ ਨਾਲਦਿਆਂ ਨੂੰ ਆਖਿਆ, ਇਹਦੇ ਜਵਾਬ ਵਿਚ ਦੁੱਲੇ ਦੀ ਇਕ ਕਬਰ ਵਾਹਗੇ ਪਾਰ ਬਣੇ ਜਿਹਦੇ ਉਤੇ ਸਿਰਫ 'ਭਾਜੜ ਪਾ ਦਿਆਂ ਤਖ਼ਤ ਲਹੌਰ' ਹੀ ਲਿਖਿਆ ਹੋਵੇ।

-ਅਮਰਜੀਤ ਚੰਦਨ

ਅਮਰਜੀਤ ਚੰਦਨ ਦੀ ਇਹ ਟਿੱਪਣੀ ਉਸ ਅਹਿਸਾਸ ਦਾ ਇਕ ਸਾਦਾ ਪਰ ਕਲਾਮਈ ਪ੍ਰਗਟਾਵਾ ਹੈ ਕਿ ਇਕਪਾਸੜ ਸੋਚ ਵਾਲੇ ਲੋਕ ਸਾਂਝੀਆਂ ਕਦਰਾਂ-ਕੀਮਤਾਂ ਦਾ ਕਿੰਨਾ ਵੱਡਾ ਨੁਕਸਾਨ ਕਰ ਜਾਂਦੇ ਹਨ। ਫਿਲਮ 'ਸਰਫਰੋਸ਼' ਵੀ ਇਕਪਾਸੜ ਸੋਚ ਦੀ ਦੇਣ ਹੈ। ਖੁਫੀਆ ਏਜੰਸੀਆਂ ਤਾਂ ਹਰ ਦੇਸ਼ ਦੀਆਂ ਕੰਮ ਕਰਦੀਆਂ ਹਨ। ਪਾਕਿਸਤਾਨ ਦੇ ਇਕ ਗਾਇਕ ਨਾਲ ਇਹ ਕਹਾਣੀ ਜੋੜ ਕੇ ਪੇਸ਼ ਕਰਨੀ ਕਲਾ ਦੀ ਸੁਹਿਰਦਤਾ ਉਤੇ ਹਮਲਾ ਹੈ। ਇਸ ਫਿਲਮ ਦੀ ਨਿਖੇਧੀ ਜ਼ਰੂਰੀ ਹੈ।